بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

- **ਜੰਗੇ ਓਹਦ ਦੇ ਹਾਲਾਤ ਅਤੇ ਉਸ ਸਮੇਂ ਵਾਪਰਨ ਵਾਲੇ ਕਿੱਸਿਆਂ ਦਾ ਬਿਆਨ**
- **ਫ਼ਲਸਤੀਨ ਲਈ ਦੁਆ ਦੀ ਤਹਰੀਕ**

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 19 ਜਨਵਰੀ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَاِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਜੰਗੇ ਓਹਦ ਬਾਰੇ ਜ਼ਿਕਰ ਹੋ ਰਿਹਾ ਸੀ। ਇਸ ਹਵਾਲੇ ਨਾਲ ਹੋਰ ਵਿਸਥਾਰ ਇੰਝ ਹੈ। ਜਿਵੇਂ ਕਿ ਬਿਆਨ ਹੋਇਆ ਸੀ ਕਿ ਵਿਰੋਧੀ ਨੇ ਐਲਾਨ ਕਰ ਦਿੱਤਾ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਸ਼ਹੀਦ ਹੋ ਗਏ ਹਨ ਜੱਦ ਮੁਸਲਮਾਨਾਂ ਨੇ ਸੁਣਿਆ ਤਾਂ ਮੁਸਲਮਾਨਾਂ ਦੀ ਹਾਲਤ ਕੀ ਹੋਈ ? ਇਸ ਦੀ ਵਿਆਖਿਆ ਵਿੱਚ ਬਿਆਨ ਹੋਇਆ ਹੈ ਕਿ ਜੱਦ ਇਬਨੇ ਕਮੀਆ ਨੇ ਇਹ ਸਮਝਿਆ ਕਿ ਉਸ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਸ਼ਹੀਦ ਕਰ ਦਿੱਤਾ ਹੈ ਅਤੇ ਉਸ ਨੇ ਐਲਾਨ ਕਰ ਦਿੱਤਾ ਕਿ ਮੁਹੱਮਦ (ਸੱਲਲਾਹੁ ਅਲੈਹਿ ਵਸੱਲਮ) ਸ਼ਹੀਦ ਹੋ ਗਿਆ ਹੈ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਐਲਾਨ ਕਰਨ ਵਾਲਾ ਸ਼ੈਤਾਨ ਸੀ। ਇਸ ਬਾਰੇ ਕਈ ਕਥਨ ਹਨ ਕਿ ਐਲਾਨ ਕਿਸ ਨੇ ਕੀਤਾ। ਮੁਮਕਿਨ ਹੈ ਵੱਖੋ ਵੱਖ ਲੋਕਾਂ ਨੇ ਕੀਤਾ ਹੋਵੇ। ਕੋਈ ਸ਼ੈਤਾਨ ਵਿਅਕਤੀ ਵੀ ਇਹ ਐਲਾਨ ਕਰ ਸਕਦਾ ਹੈ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਸੀਰਤ ਖ਼ਾਤਮੁੱਨਬੀਯੀਨ ਵਿੱਚ ਲਿੱਖਿਆ ਹੈ : ਉਸ ਸਮੇਂ ਮੁਸਲਮਾਨ ਤਿੰਨ ਭਾਗਾਂ ਵਿੱਚ ਵੰਡੇ ਹੋਏ ਸਨ। ਇੱਕ ਜੱਥਾ ਉਹ ਸੀ, ਜੋ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਸ਼ਹਾਦਤ ਦੀ ਖ਼ਬਰ ਸੁਣ ਕੇ ਮੈਦਾਨ ਛੱਡ ਗਿਆ ਸੀ। ਉਹਨਾਂ ਵਿੱਚ ਹਜ਼ਰਤ ਉਸਮਾਨ ਬਿਨ ਅੱਫ਼ਾਨ ਰਜ਼ੀ ਅੱਲਾਹ ਅੰਨਹੁ ਵੀ ਸ਼ਾਮਿਲ ਸਨ। ਪਰ ਕੁਰਆਨ ਸ਼ਰੀਫ਼ ਵਿੱਚ ਜ਼ਿਕਰ ਆਉਂਦਾ ਹੈ ਕਿ ਉਸ ਸਮੇਂ ਦੇ ਖ਼ਾਸ ਹਾਲਾਤ, ਲੋਕਾਂ ਦੇ ਦਿਲ੍ਹੀ ਵਿਸ਼ਵਾਸ ਅਤੇ ਸ਼ਰਧਾ ਨੂੰ ਧਿਆਨ ਵਿੱਚ ਰੱਖਦੇ ਹੋਏ, ਰੱਬ ਨੇ ਉਹਨਾਂ ਨੂੰ ਮੁਆਫ਼ ਕਰ ਦਿੱਤਾ। ਉਹਨਾਂ ਲੋਕਾਂ ਵਿੱਚੋਂ ਕੁੱਝ ਮਦੀਨਾ ਤੱਕ ਪਹੁੰਚ ਗਏ ਸਨ। ਜਿਸ ਕਰਕੇ ਉੱਥੇ ਵੀ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਖ਼ਿਆਲੀ ਸ਼ਹਾਦਤ ਅਤੇ ਇਸਲਾਮੀ ਲਸ਼ਕਰ ਦੀ ਹਾਰ ਦੀ ਖ਼ਬਰ ਪਹੁੰਚ ਗਈ ਅਤੇ ਸਾਰੇ ਸ਼ਹਿਰ ਵਿੱਚ ਇੱਕ ਰੌਲਾ ਪੈ ਗਿਆ। ਮੁਸਲਮਾਨ ਔਰਤਾਂ, ਬੱਚੇ ਅਤੇ ਬੁੱਢੇ ਓਹਦ ਵੱਲ੍ਹ ਨਿਕਲੇ ਅਤੇ ਕੁੱਝ ਭੱਜਦੇ ਹੋਏ ਜੰਗ ਦੇ ਮੈਦਾਨ ਵਿੱਚ ਪਹੁੰਚ ਗਏ ਅਤੇ ਰੱਬ ਦਾ ਨਾਂ ਲੈ ਕੇ ਸਫ਼ਾਂ ਵਿੱਚ ਵੜ੍ਹ ਗਏ। ਦੂਜੇ ਜੱਥੇ ਵਿੱਚ ਉਹ ਲੋਕ ਸਨ, ਜੋ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਸ਼ਹਾਦਤ ਦੀ ਖ਼ਬਰ ਸੁਣ

ਕੇ ਲੜ੍ਹਣ ਨੂੰ ਵਿਅਰਥ ਸਮਝਦੇ ਸਨ ਅਤੇ ਇੱਕ ਪਾਸੇ ਸਿਰ ਨੀਵੇਂ ਕਰਕੇ ਬਹਿ ਗਏ ਸਨ। ਤੀਜਾ ਜੱਥਾ ਉਹ ਸੀ, ਜੋ ਬਰਾਬਰ ਲੜ੍ਹ ਰਿਹਾ ਸੀ। ਉਹਨਾਂ ਵਿੱਚੋਂ ਕੁੱਝ ਤਾਂ ਉਹ ਲੋਕ ਸਨ, ਜੋ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਆਲੇ ਦੁਆਲੇ ਸਨ ਅਤੇ ਆਪਣੀ ਜੰਗੀ ਕੁਸ਼ਲਤਾ ਵਿਖਾ ਰਹੇ ਸਨ ਅਤੇ ਬਹੁਤ ਸਾਰੇ ਉਹ ਸਨ, ਜੋ ਜੰਗ ਦੇ ਮੈਦਾਨ ਵਿੱਚ ਵਿਖਰੇ ਹੋਏ ਲੜ੍ਹ ਰਹੇ ਸਨ। ਉਹਨਾਂ ਲੋਕਾਂ ਅਤੇ ਦੂਜੇ ਜੱਥੇ ਦੇ ਲੋਕਾਂ ਨੂੰ ਜਿਵੇਂ ਜਿਵੇਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਜੀਵਤ ਹੋਣ ਦਾ ਪਤਾ ਲੱਗਦਾ ਜਾਂਦਾ ਸੀ। ਇਹ ਲੋਕ ਦੀਵਾਨੀਆਂ ਵਾਂਗ ਲੜ੍ਹਦੇ ਭਿੜ੍ਹਦੇ ਆਪ ਦੇ ਦੁਆਲੇ ਜਮ੍ਹਾਂ ਹੁੰਦੇ ਜਾਂਦੇ ਸਨ। ਉਸ ਸਮੇਂ ਜੰਗ ਦੀ ਹਾਲਤ ਇਹ ਸੀ ਕਿ ਕੁਰੈਸ਼ ਦਾ ਲਸ਼ਕਰ ਭਾਵੇਂ ਸਮੁੰਦਰ ਦੀਆਂ ਲਹਿਰਾਂ ਵਾਂਗ ਹਰ ਪਾਸਿਓਂ ਵੱਧਦਾ ਆ ਰਿਹਾ ਸੀ ਅਤੇ ਜੰਗ ਦੇ ਮੈਦਾਨ ਵਿੱਚ ਹਰ ਪਾਸੇ ਤੀਰਾਂ ਅਤੇ ਪੱਥਰਾਂ ਦੀ ਮੀਂਹ ਹੋ ਰਹੀ ਸੀ। ਸ਼ਰਧਾਲੂਆਂ ਨੇ ਇਸ ਖ਼ਤਰੇ ਦੀ ਹਾਲਤ ਨੂੰ ਵੇਖ ਕੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਆਲੇ ਦੁਆਲੇ ਘੇਰਾ ਪਾ ਕੇ ਆਪ ਦੇ ਪਵਿੱਤਰ ਸ਼ਰੀਰ ਨੂੰ ਆਪਣੇ ਸ਼ਰੀਰਾਂ ਨਾਲ ਲੁਕਾ ਲਿਆ ਸੀ। ਪਰ ਫ਼ਿਰ ਵੀ ਜੱਦ ਕਦੇ ਹਮਲਾ ਹੁੰਦਾ ਸੀ ਤਾਂ ਇਹ ਕੁੱਝ ਗਿਣਤੀ ਦੇ ਆਦਮੀ ਇੱਧਰ ਉੱਧਰ ਕਰ ਦਿੱਤੇ ਜਾਂਦੇ ਸਨ ਅਤੇ ਅਜਿਹੀ ਹਾਲਤ ਵਿੱਚ ਕਈ ਵਾਰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਕਰੀਬ ਕਰੀਬ ਇੱਕਲੇ ਰਹਿ ਜਾਂਦੇ ਸਨ।

ਅਜਿਹੇ ਹੀ ਕਿਸੇ ਮੌਕੇ ਉੱਤੇ ਹਜ਼ਰਤ ਸਾਅਦ ਬਿਨ ਅਬੀ ਵਕਾਸ ਰਜ਼ੀ ਅੱਲਾਹ ਅੰਨਹੁ ਦੇ ਮੁਸ਼ਰਿਕ ਭਰਾ ਅਤਬਾ ਬਿਨ ਅਬੀ ਵਕਾਸ ਦਾ ਇੱਕ ਪੱਥਰ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਪਵਿੱਤਰ ਚਿਹਰੇ ਉੱਤੇ ਲੱਗਿਆ, ਜਿਸ ਕਰਕੇ ਆਪ ਸੱਲਲਾਹੁ ਅਲੈਹਿ ਵਸੱਲਮ ਦਾ ਇੱਕ ਦੰਦ ਟੁੱਟ ਗਿਆ ਅਤੇ ਬੁੱਲ ਵੀ ਜ਼ਖ਼ਮੀ ਹੋ ਗਿਆ। ਇੱਕ ਹੋਰ ਪੱਥਰ ਜੋ ਅਬਦੁੱਲਾਹ ਬਿਨ ਸ਼ਹਾਬ ਨੇ ਮਾਰਿਆ ਸੀ। ਉਸ ਨੇ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਮੱਥੇ ਨੂੰ ਜ਼ਖ਼ਮੀ ਕੀਤਾ ਅਤੇ ਕੁੱਝ ਦੇਰ ਬਾਦ ਤੀਜਾ ਪੱਥਰ ਜੋ ਇਬਨੇ ਕਮੀਆ ਨੇ ਮਾਰਾ ਸੀ, ਉਹ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਮੂੰਹ ਉੱਤੇ ਆ ਕੇ ਲੱਗਿਆ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਦੁਆ ਦੇ ਕਬੂਲ ਹੋਣ ਦੀ ਫ਼ਲਾਸਫ਼ੀ ਬਾਰੇ ਬਿਆਨ ਕਰਦੇ ਹੋਏ ਇੱਕ ਲੰਮੀ ਵਿਆਖਿਆ ਨਾਲ ਓਹਦ ਦੇ ਇਸ ਕਿੱਸੇ ਦਾ ਵੀ ਜ਼ਿਕਰ ਕੀਤਾ ਹੈ। ਆਪ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਗ਼ਿਰਫ਼ਤਾਰ ਕਰਨ ਲਈ ਈਰਾਨ ਦੇ ਬਾਦਸ਼ਾਹ ਨੇ ਇਰਾਦਾ ਕੀਤਾ ਸੀ। ਪਰ ਹਾਲੇ ਗ਼ਿਰਫ਼ਤਾਰ ਕਰਨ ਵਾਲੇ ਨਹੀਂ ਆਏ ਸਨ। ਕੇਵਲ ਸੰਦੇਸ਼ ਲੈ ਕੇ ਯਮਨ ਦੇ ਗਵਰਨਰ ਦੇ ਆਦਮੀ ਪਹੁੰਚੇ ਸਨ। ਰੱਬ ਨੇ ਉਸ ਬਾਦਸ਼ਾਹ ਦੇ ਲੜ੍ਹਕੇ ਨੂੰ ਤਹਰੀਕ ਕੀਤੀ ਅਤੇ ਉਸ ਨੇ ਆਪਣੇ ਬਾਪ ਨੂੰ ਮਾਰ ਦਿੱਤਾ। ਪਰ ਓਹਦ ਦੀ ਜੰਗ ਵਿੱਚ ਵਿਰੋਧੀ ਨੇ ਆਪ ਉੱਤੇ ਹਮਲਾ ਕੀਤਾ, ਪੱਥਰ ਮਾਰੇ, ਆਪ ਦੇ ਦੰਦ ਟੁੱਟ ਗਏ, ਸਿਰ ਜ਼ਖ਼ਮੀ ਹੋ ਗਿਆ ਅਤੇ ਖ਼ੋਦ ਦੀਆਂ ਕਿੱਲਾਂ ਸਿਰ ਵਿੱਚ ਘੁੱਸ ਗਈਆਂ, ਆਪ ਬੇਹੋਸ਼ ਹੋ ਕੇ ਡਿੱਗ ਗਏ ਅਤੇ ਖ਼ਿਆਲ ਕਰ ਲਿਆ ਗਿਆ ਕਿ ਆਪ ਸ਼ਹੀਦ ਹੋ ਗਏ। ਹੁਣ ਕੋਈ ਕਹਿ ਸਕਦਾ ਹੈ ਕਿ ਜੇਕਰ ਰੱਬ ਨੂੰ ਆਪ ਦੀ ਇੰਨ੍ਹੀ ਇੱਜ਼ਤ ਮਨਜ਼ੂਰ ਸੀ ਕਿ ਆਪ ਲਈ ਇਰਾਨ ਦੇ ਬਾਦਸ਼ਾਹ ਨੂੰ ਇੰਨ੍ਹੀ ਦੂਰ ਮਰਵਾ ਦਿੱਤਾ ਤਾਂ ਉਸ ਨੇ ਓਹਦ ਦੇ ਮੈਦਾਨ ਵਿੱਚ ਕਾਫ਼ਰਾਂ ਨੂੰ ਆਪ ਨੂੰ ਇੰਝ ਪੱਥਰ ਕਿਉਂ ਮਾਰਨ ਦਿੱਤਾ ? ਤਾਂ ਇਹ ਆਰੋਪ ਦਰੁਸਤ ਨਹੀਂ। ਇਹ ਰੱਬ ਦੀਆਂ ਹਿਕਮਤਾਂ ਹੁੰਦੀਆਂ ਹਨ, ਇਹ ਰਾਜ਼ ਹਨ। ਕੁੱਝ ਮੌਕਿਆਂ ਉੱਤੇ

ਉਹ ਨਿੱਕੀ ਜਿਹੀ ਗੱਲ੍ਹ ਉੱਤੇ ਪਕੜ੍ਹ ਲੈਂਦਾ ਹੈ ਅਤੇ ਕਈ ਵਾਰ ਕਿਸੇ ਹਿਕਮਤ ਕਰਕੇ ਢੀਲ ਦਿੰਦਾ ਹੈ ਤਾਂ ਮਨੁੱਖ ਦੀ ਬੇਬਸੀ ਅਤੇ ਕਮਜ਼ੋਰੀ ਪ੍ਰਗਟ ਹੋਵੇ।

ਇਹ ਕਿੱਸਾ ਚੱਲ ਰਿਹਾ ਹੈ। ਕਤਲ ਦੀ ਝੂਠੀ ਖ਼ਬਰ ਦੇ ਬਾਦ ਸਹਾਬੀਆਂ ਨੂੰ ਫ਼ਿਰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦਾ ਅਚਾਨਕ ਦੀਦਾਰ ਵੀ ਹੋਇਆ। ਇਸ ਦੇ ਵਿਸਥਾਰ ਵਿੱਚ ਲਿੱਖਿਆ ਹੈ ਕਿ ਹਜ਼ਰਤ ਅਬੂ ਉਬੈਦਾ ਰਜ਼ੀ ਅੱਲਾਹ ਅੰਨਹੁ ਉਹ ਪਹਿਲੇ ਵਿਅਕਤੀ ਸਨ। ਜਿੰਨ੍ਹਾਂ ਨੇ ਸਭ ਤੋਂ ਪਹਿਲਾਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਪਛਾਣਿਆ ਕਿ ਆਪ ਜੀਵਤ ਸਲਾਮਤ ਮੌਜੂਦ ਹਨ। ਹਜ਼ਰਤ ਅਬੂ ਉਬੈਦਾ ਰਜ਼ੀ ਅੱਲਾਹ ਅੰਨਹੁ ਕਹਿੰਦੇ ਹਨ ਕਿ ਮੈਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਆਪ ਦੀ ਅੱਖਾਂ ਨਾਲ ਪਛਾਣਿਆ। ਜੋ ਖੋਦ ਦੇ ਹੇਠਾਂ ਤੋਂ ਰੋਸ਼ਨ ਅਤੇ ਚਮਕਦਾਰ ਨਜ਼ਰ ਆ ਰਹੀਆਂ ਸਨ। ਮੁਸਲਮਾਨਾਂ ਨੂੰ ਜਿਵੇਂ ਜਿਵੇਂ ਖ਼ਬਰ ਮਿਲਦੀ ਗਈ। ਸਭ ਆਪ ਸੱਲਲਾਹੁ ਅਲੈਹਿ ਵਸੱਲਮ ਵੱਲ੍ਹ ਜਮ੍ਹਾਂ ਹੋ ਗਏ। ਜੱਦ ਸਭ ਮੁਸਲਮਾਨਾਂ ਨੇ ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਵੇਖ ਕੇ ਪਛਾਣ ਲਿਆ ਤਾਂ ਉਹ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਦੁਆਲੇ ਪਰਵਾਨੇ ਵਾਂਗ ਜਮ੍ਹਾਂ ਹੋ ਗਏ। ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਲਿੱਖਿਆ ਹੈ ਕਿ ਜੱਦ ਕੁਰੈਸ਼ ਕੁੱਝ ਪਿੱਛੇ ਹੱਟ ਗਏ ਅਤੇ ਜੋ ਮੁਸਲਮਾਨ ਮੈਦਾਨ ਵਿੱਚ ਮੌਜੂਦ ਸਨ। ਉਹ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਪਛਾਣ ਕੇ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਆਲੇ ਦੁਆਲੇ ਜਮ੍ਹਾਂ ਹੋ ਗਏ ਤਾਂ ਆਪ ਸੱਲਲਾਹੁ ਅਲੈਹਿ ਵਸੱਲਮ ਆਪਣੇ ਉਹਨਾਂ ਸਹਾਬੀਆਂ ਰਜ਼ੀ ਅੱਲਾਹ ਅੰਨਹੁਮਾ ਦੀ ਸੰਗਤ ਵਿੱਚ ਹਲਕੇ ਹਲਕੇ ਪਹਾੜ੍ਹ ਉੱਤੇ ਚੜ੍ਹ ਕੇ ਇੱਕ ਸੁਰੱਖਿਅਤ ਥਾਂ ਉੱਤੇ ਪਹੁੰਚ ਗਏ। ਰਾਹ ਵਿੱਚ ਮੱਕੇ ਦੇ ਇੱਕ ਰਈਸ ਅਬੀ ਬਿਨ ਖ਼ਲਫ਼ ਦੀ ਨਜ਼ਰ ਆਪ ਸੱਲਲਾਹੁ ਅਲੈਹਿ ਵਸੱਲਮ ਉੱਤੇ ਪਈ ਅਤੇ ਉਹ ਈਰਖਾ ਤੇ ਦੁਸ਼ਮਨੀ ਵਿੱਚ ਅੰਨ੍ਹਾ ਹੋ ਕੇ ਇਹ ਸ਼ਬਦ ਪੁਕਾਰਦੇ ਹੋਏ ਆਪ ਸੱਲਲਾਹੁ ਅਲੈਹਿ ਵਸੱਲਮ ਵੱਲ੍ਹ ਭਜਿਆ ਕਿ لَا نَجَوْتُ اِنْ نَجَا ਅਰਥਾਤ ਜੇਕਰ ਮੁਹੱਮਦ (ਸੱਲਲਾਹੁ ਅਲੈਹਿ ਵਸੱਲਮ) ਬਚ ਕੇ ਨਿਕਲ ਗਿਆ ਤਾਂ ਸਮਝੋ ਮੈਂ ਨ ਬਚਾ। ਸਹਾਬੀਆਂ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਪਰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਉਸ ਨੂੰ ਛੱਡ ਦਿਓ ਅਤੇ ਮੇਰੇ ਨੇੜ੍ਹੇ ਆਉਣ ਦਿਓ ਅਤੇ ਜੱਦ ਉਹ ਆਪ ਸੱਲਲਾਹੁ ਅਲੈਹਿ ਵਸੱਲਮ ਉੱਤੇ ਹਮਲਾ ਕਰਨ ਦੇ ਖ਼ਿਆਲ ਨਾਲ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਨੇੜ੍ਹੇ ਪਹੁੰਚਾ ਤਾਂ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਇੱਕ ਨੇਜ਼ਾ ਲੈ ਕੇ ਉਸ ਉੱਤੇ ਇੱਕ ਵਾਰ ਕੀਤਾ। ਜਿਸ ਨਾਲ ਉਹ ਚੱਕਰ ਖਾ ਕੇ ਜ਼ਮੀਨ ਉੱਤੇ ਢਿੱਗਿਆ ਅਤੇ ਫ਼ਿਰ ਉੱਠ ਕੇ ਚੀਕਦਾ ਹੋਇਆ ਪਰਤ ਗਿਆ ਅਤੇ ਭਾਵੇਂ ਜ਼ਖ਼ਮ ਵੱਧ ਨਹੀਂ ਸੀ। ਪਰ ਮੱਕੇ ਪਹੁੰਚਣ ਤੋਂ ਪਹਿਲਾਂ ਉਹ ਮਰ ਗਿਆ।

ਜੱਦ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੱਰੇ ਉੱਤੇ ਪਹੁੰਚ ਗਏ ਤਾਂ ਕੁਰੈਸ਼ ਦੇ ਇੱਕ ਦਸਤੇ ਨੇ ਖ਼ਾਲਿਦ ਬਿਨ ਵਲੀਦ ਦੀ ਅਗਵਾਈ ਵਿੱਚ ਪਹਾੜ੍ਹ ਉੱਤੇ ਚੱੜ੍ਹ ਕੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਪਰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਆਦੇਸ਼ ਉੱਤੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਨੇ ਕੁੱਝ ਮੁਹਾਜਿਰਾਂ ਨੂੰ ਨਾਲ ਲੈ ਕੇ ਉਸ ਦਾ ਮੁਕਾਬਲਾ ਕੀਤਾ ਅਤੇ ਉਸ ਨੂੰ ਹਰਾ ਦਿੱਤਾ। ਇੱਕ ਸਾਖੀ ਵਿੱਚ ਆਉਂਦਾ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਪਹਾੜ੍ਹ ਉੱਤੇ ਜਾਣ ਦਾ ਇਰਾਦਾ ਕੀਤਾ ਤਾਂ ਸਿਰ ਦੇ ਜ਼ਖ਼ਮ ਵਿੱਚੋਂ ਲਹੂ ਨਿਕਲਣ ਕਰਕੇ ਅਤੇ ਕਮਜ਼ੋਰੀ ਕਰਕੇ ਤਾਕਤ ਨ ਸੀ। ਇਹ ਵੇਖ ਕੇ ਹਜ਼ਰਤ ਤਲਹਾ ਬਿਨ ਉਬੈਦੁੱਲਾਹ ਰਜ਼ੀ

ਅੱਲਾਹ ਅੰਨਹੁ ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਆਪਣੇ ਮੋਢਿਆਂ ਉੱਤੇ ਚੁੱਕ ਕੇ ਪਹਾੜ੍ਹ ਉੱਤੇ ਲੈ ਗਏ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਉਸ ਸਮੇਂ ਫ਼ਰਮਾਇਆ ਕਿ ਉਹਨਾਂ ਉੱਤੇ ਸਵਰਗ ਲਾਜ਼ਮ ਹੋ ਗਿਆ। ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਫ਼ਰਮਾਉਂਦੀ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਜੱਦ ਓਹਦ ਦੇ ਦਿਨ ਦਾ ਜ਼ਿਕਰ ਕਰਦੇ ਤਾ ਫ਼ਰਮਾਉਂਦੇ ਉਹ ਦਿਨ ਸਾਰੇ ਦਾ ਸਾਰਾ ਤਲਹਾ ਰਜ਼ੀ ਅੱਲਾਹ ਅੰਨਹੁ ਦਾ ਸੀ।

ਜੰਗੇ ਓਹਦ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਜੋ ਜ਼ਖ਼ਮ ਲੱਗੇ। ਉਸ ਬਾਰੇ ਬੁਖ਼ਾਰੀ ਦੀ ਰਵਾਯਤ ਹੈ ਕਿ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਜ਼ਖ਼ਮ ਸਾਫ਼ ਕਰ ਰਹੀ ਸਨ ਅਤੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਢਾਲ ਵਿੱਚੋਂ ਪਾਣੀ ਪਾ ਰਹੇ ਸਨ। ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਨੇ ਵੇਖਿਆ ਕਿ ਪਾਣੀ ਲਹੂ ਨੂੰ ਹੋਰ ਕੱਢ ਰਿਹਾ ਹੈ ਤਾਂ ਉਹਨਾਂ ਨੇ ਬੋਰੇ ਦਾ ਇੱਕ ਟੁੱਕੜ੍ਹਾ ਜਲਾ ਕੇ ਉਸ ਨਾਲ ਚਿਪਕਾ ਦਿੱਤਾ। ਜਿਸ ਨਾਲ ਲਹੂ ਰੁੱਕ ਗਿਆ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਉਹ ਕੌਮ ਕਿਵੇਂ ਕਾਮਯਾਬ ਹੋ ਸਕਦੀ ਹੈ, ਜਿਸ ਨੇ ਆਪਣੇ ਨਬੀ ਨੂੰ ਜ਼ਖ਼ਮੀ ਕੀਤਾ ਅਤੇ ਉਸ ਦਾ ਦੰਦ ਟੋੜ੍ਹ ਦਿੱਤਾ। ਜੱਦਕਿ ਉਹ ਉਹਨਾਂ ਨੂੰ ਰੱਬ ਵੱਲ੍ਹ ਸੱਦਦਾ ਸੀ। ਫ਼ਰਮਾਇਆ ਬਾਕੀ ਇੰਸ਼ਾ-ਅੱਲਾਹ ਬਾਦ ਵਿੱਚ।

ਹਜ਼ੂਰੇ ਅਨਵਰ ਨੇ ਫ਼ਲਸਤੀਨ ਲਈ ਦੁਆ ਦੀ ਤਹਰੀਕ ਕਰਦੇ ਹੋਏ ਫ਼ਰਮਾਇਆ ਕਿ ਫ਼ਲਸਤੀਨ ਲਈ ਮੈਂ ਦੁਆ ਲਈ ਕਹਿੰਦਾ ਰਹਿਣਾ ਹਾਂ। ਹੁਣ ਮੁਸਲਮਾਨ ਦੇਸ਼ਾਂ ਦਾ ਇਹ ਹਾਲ ਹੋ ਗਿਆ ਹੈ ਕਿ ਇੱਕਠੇ ਹੋ ਕੇ ਫ਼ਲਸਤੀਨ ਨੂੰ ਬਚਾਉਣ ਦੀ ਥਾਂ ਆਪ ਮੁਸਲਮਾਨਾਂ ਨੇ ਲੜ੍ਹਣਾ ਸ਼ੁਰੂ ਕਰ ਦਿੱਤਾ ਹੈ ਅਤੇ ਪਾਕਿਸਤਾਨ ਤੇ ਈਰਾਨ ਵਿੱਚ ਵੀ ਹੁਣ ਸੁਣਿਆ ਹੈ ਲੜ੍ਹਾਈ ਸ਼ੁਰੂ ਹੋ ਗਈ ਹੈ। ਉਹਨਾਂ ਨੇ ਇੱਕ ਦੂਜੇ ਉੱਤੇ ਬੰਬ ਵੀ ਮਾਰੇ ਹਨ ਤਾਂ ਇਹ ਭਿਆਨਕ ਹਾਲਾਤ ਪੈਦਾ ਹੋ ਰਹੇ ਹਨ। ਰੱਬ ਹੀ ਇਹਨਾਂ ਮੁਸਲਮਾਨ ਦੇਸ਼ਾਂ ਨੂੰ, ਲੀਡਰਾਂ ਨੂੰ ਅਕਲ ਅਤੇ ਸਮਝ ਬਖ਼ਸ਼ੇ। ਉਹਨਾਂ ਲਈ ਵੀ ਦੁਆ ਕਰੋ। ਰੱਬ ਹਕੀਕਤ ਵਿੱਚ ਉਹਨਾਂ ਨੂੰ ਆਪਣੇ ਉਦੇਸ਼ ਨੂੰ ਸਮਝਣ ਦੀ ਤੌਫ਼ੀਕ ਬਖ਼ਸ਼ੇ ਅਤੇ ਇੱਕ ਉੱਮਤ ਬਣਨ।

ਖ਼ੁਤਬੇ ਦੇ ਅੰਤ ਉੱਤੇ ਹਜ਼ੂਰੇ ਅਨਵਰ ਨੇ ਫ਼ਰਮਾਇਆ : ਨਮਾਜ਼ ਦੇ ਬਾਦ ਮੈਂ ਦੋ ਨਮਾਜ਼ ਜਨਾਜ਼ਾ ਗਾਇਬ ਵੀ ਪੜ੍ਹਾਉਣੇ ਹਨ। ਇੱਕ ਹੈ ਸੱਯਦ ਮੌਲੂਦ ਅਹਮਦ ਸਾਹਿਬ ਪੁੱਤਰ ਸੱਯਦ ਦਾਊਦ ਮੁਜ਼ਫ਼ਰ ਸ਼ਾਹ ਸਾਹਿਬ। ਆਪ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਅਤੇ ਸੱਯਦਾਹ ਉੱਮੇ ਤਾਹਿਰ ਸਾਹਿਬਾ ਦੇ ਦੋਹਤਰੇ ਅਤੇ ਮੇਰੀ ਮਾਸੀ ਦੇ ਮੁੰਡੇ ਸਨ ਅਤੇ ਮੇਰੀ ਪਤਨੀ ਦੇ ਵੱਡੇ ਭਰਾ ਸਨ ਅਤੇ ਦੂਜਾ ਜਨਾਜ਼ਾ ਆਕਮੀਦ ਆਗ ਮੁਹੱਮਦ ਸਾਹਿਬ ਸਦਰ ਜਮਾਅਤ ਮਹਦੀਯਾਬਾਦ ਅਤੇ ਡੋਰੀ ਰੀਜਨ ਬਰਕੀਨਾ ਫ਼ਾਸੋ ਦਾ ਹੈ। ਹਜ਼ੂਰੇ ਅਨਵਰ ਨੇ ਫ਼ਰਮਾਇਆ : ਰੱਬ ਉਹਨਾਂ ਨਾਲ ਬਖ਼ਸ਼ਿਸ਼ ਅਤੇ ਰਹਿਮ ਦਾ ਸਲੂਕ ਕਰੇ। ਉਹਨਾਂ ਦੀ ਨਸਲਾਂ ਨੂੰ ਵੀ, ਰਿਸ਼ਤੇਦਾਰਾਂ ਨੂੰ ਵੀ ਹੌਂਸਲਾ ਅਤੇ ਸਬਰ ਸੰਤੋਖ ਬਖ਼ਸ਼ੇ। ਉਹਨਾਂ ਦੀਆਂ ਨੇਕੀਆਂ ਜਾਰੀ ਰੱਖਣ ਦੀ ਤੌਫ਼ੀਕ ਬਖ਼ਸ਼ੇ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔